ੴ ਸਤਿਗੁਰ ਪ੍ਰਸਾਦਿ

# ਮੱਕੇ ਮਦੀਨੇ ਵਿੱਚ ਗੁਰੂ ਨਾਨਕ ਸਾਹਿਬ ਦੀ ਆਮਦ

ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਇਤਿਹਾਸ ਦੇ ਨਾਮ ਨਾਲ ਛਪੀ ਪੁਸਤਕ ਵਿਚੋਂ ਜੁਗਿਆਸੂ ਲੋਕਾਂ ਦੇ ਗਿਆਨ ਲਈ ਮੱਕੇ ਮਦੀਨੇ ਦੇ ਮੁੱਲਾਂ ਕਾਜੀਆਂ, ਤੇ ਇਮਾਮਾਂ ਨਾਲ ਗੁਰੂ ਨਾਨਕ ਸਾਹਿਬ ਦੇ ਸਵਾਲ ਜਵਾਬ ਦੀ ਪੁਸਤਕ ਵਿਚੋਂ ਸਾਰ-ਰਸ।

**ਸੰਸਾਰ ਵਿੱਚ ਵਿਚਰਣ ਲਈ ਗਿਆਨ ਤੇ ਵਿਗਿਆਨ ਦੋ ਪੱਖ ਮਨੁੱਖੀ ਜਾਮੇਂ ਦੇ ਸਨਮੁੱਖ ਹਨ। ਅਜ ਦਾ ਮਨੁੱਖ ਭਾਵੇਂ ਪੂਰੀ ਤਰਾਂ ਵਿਗਿਆਨ ਦੀ ਗ੍ਰੀਫਤ ਵਿੱਚ ਹੋਵੇ, ਪਰ ਮਨੁੱਖੀ ਜਾਮੇਂ ਦਾ ਮੁੱਖ ਮਨੋਰਥ ਸਿਰਫ ਅਤੇ ਸਿਰਫ ਗਿਆਨ ਹੈ। ਗਿਆਨ ਤੋਂ ਬਿਨਾਂ ਮਨੁੱਖ ਪੂਰੀ ਤਰਾਂ ਅੰਧਕਾਰ ਵਿੱਚ ਜੀਵਨ ਜੀਉ ਰਿਹਾ ਹੁੰਦਾ ਹੈ। ਗਿਆਨ ਜੜ੍ਹ ਹੈ, ਵਿਗਿਆਨ ਸ਼ਾਖ। ਅਜ ਭਾਵੇਂ ਵਿਗਿਆਨੀ ਲੋਕ ਲਖਾਂ ਪਾਤਾਲ ਲਖਾਂ ਆਕਾਸ਼ ਗੰਗਾ ਦੀ ਗਲ ਕਰਦੇ ਹਨ, ਪਰ ਗੁਰੂ ਨਾਨਕ ਸਾਹਿਬ ਨੇ ਤਾਂ ਮਦੀਨੇ ਦੇ ਇਮਾਮਾਂ ਨਾਲ 500 ਸਾਲ ਪਹਿਲਾਂ ਗਿਆਨ ਗੋਸ਼ਟੀ ਕਰਦੇ ਹੋਏ ਹੀ ਲਖਾਂ ਪਾਤਾਲਾਂ ਦੀ ਗਲ ਕਹਿ ਦਿੱਤੀ ਸੀ। ਉਸ ਸਮੇਂ ਜਦ ਵਿਗਿਆਨ ਦਾ ਕੋਈ ਬੋਲ-ਬਾਲਾ ਨਹੀਂ ਸੀ। ਉਸ ਸਮੇਂ ਲਖਾਂ ਪਾਤਾਲਾਂ ਦਾ ਭੇਦ ਖੋਲਨਾ ਗੁਰੂ ਦੇ ਗਿਆਨ ਦੀ ਕਰਾਮਾਤ ਸੀ। ਮੱਕੇ ਮਦੀਨੇ ਦੇ ਮੁੱਲਾਂ ਕਾਜੀਆਂ ਅਤੇ ਇਮਾਮਾਂ ਨਾਲ ਗੁਰੂ ਨਾਨਕ ਸਾਹਿਬ ਦੀ ਗਿਆਨ ਗੋਸ਼ਟੀ ਨੂੰ ਕਲਮਬੰਦ ਕਰਨ ਦਾ ਮੁੱਖ ਮੰਤਵ ਤਾਂ ਜੋ ਮਨੁੱਖੀ ਜਾਮੇ ਨੂੰ ਗਿਆਨ ਤੇ ਅਗਿਆਨ ਦੀ ਅੰਤ੍ਰਤਾ ਸਮਝ ਆ ਜਾਵੇ।**

## ਮੱਕੇ ਦੇ ਚਾਰ ਇਮਾਮਾਂ ਦੀ ਗੁਰੂ ਨਾਨਕ ਸਾਹਿਬ ਨੂੰ ਧੱਮਕੀ

ਗੋਰਖ ਧੰਦਾ ਬਣੇ ਧਰਮ ਬਾਰੇ ਜਾਗਰੂਕ ਕਰਨ ਲਈ ਮੱਕੇ ਦੇ ਮੁੱਖ ਮੌਲਵੀਆਂ, ਮੁੱਲਾ ਕਾਜੀਆਂ ਅਤੇ ਮਦੀਨੇ ਦੇ ਮੁੱਖ ਚਾਰ ਇਮਾਮਾ ਨਾਲ ਗੁਰੂ ਨਾਨਕ ਸਾਹਿਬ ਨੇ ਗਿਆਨ ਗੋਸਟੀ ਦੇ ਰੂਪ ਵਿੱਚ ਅਨੇਕ ਰੱਬੀ ਵਿਚਾਰਾਂ ਕੀਤੀਆਂ। ਇਸ ਤੋਂ ਇਲਾਵਾ ਇਸਲਾਮ ਧਰਮ ਦੇ ਮੁੱਖ ਆਗੂਆਂ ਤੇ ਪੀਰਾਂ ਨੇ ਰੁਹਾਨਿਅਤ ਦੇ ਲਗ ਭਗ 140 ਸਵਾਲ ਗੁਰੂ ਨਾਨਕ ਸਾਹਿਬ ਨੂੰ ਕੀਤੇ ਸਨ। ਮਦੀਨੇ ਦੇ ਇਮਾਮਾਂ ਨੇ ਗੁਰੂ ਨਾਨਕ ਸਾਹਿਬ ਨੂੰ ਆਖਿਆ। ਕਿ ਤੁਸੀਂ ਇਕ ਹਿੰਦੀ ਫਕੀਰ ਹੋ॥ ਕਰਾਮਾਤਾਂ ਨਾਲ ਮੱਕੇ ਨੂੰ ਘੁੰਮਾ ਕੇ ਤੁਸੀ ਮਕੇ ਦੇ ਹਾਜੀਆਂ ਕਾਜੀਆਂ ਅਤੇ ਮੁਲਾਂ ਮੌਲਵੀਆਂ ਨੂੰ ਜਿਤ ਕੇ ਹੁਣ ਤੁਸੀਂ ਮਦੀਨੇ ਆ ਵੜੇ ਹੋ॥ ਖੁਦਾਈ ਵਿਚਾਰਾ ਤੋਂ ਤੁਹਾਡੇ ਪੈਗੰਬਰ ਹੋਣ ਦਾ ਦਾਵਾ ਮਾਲੂਮ ਹੁੰਦਾ ਹੈ॥ ਹੁਣ ਤੁਸੀਂ ਮਦੀਨੇ ਦੇ ਪੀਰਾਂ ਦਾ ਮੱਤ ਛੱਡਵਾ ਕੇ ਇਸਲਾਮ ਮੱਤ ਨੂੰ ਆਪਣੇ ਰਾਹ ਤੋਰਨਾ ਚਾਹੁੰਦੇ ਹੋ। ਪਰ ਮਦੀਨੇ ਦੇ ਪੀਰ ਐਸਾ ਕੱਤਈ ਨਹੀ ਹੋਣ ਦੇਣ ਗੇ। ਜੇਕਰ ਤੁਸੀ ਸਾਡੇ ਸਵਾਲਾਂ ਦੀ ਪੂਰੀ ਤੱਸਲੀ ਨਾ ਕਰਵਾ ਸਕੇ, ਤਾਂ ਇਥੇ ਦੇ ਅਰਬੀ ਲੋਗ ਤੁਹਾਨੂੰ ਸੰਗਸਾਰ (ਇਟਾਂ ਪਥੱਰ ਮਾਰਨਾ) ਕਰਕੇ ਮਾਰ ਦੇਣਗੇ। ਹੁਣ ਤੁਹਾਨੂੰ ਹਿੰਦ ਜਾਣਾ ਭੁਲ ਜਾਣਾ ਚਾਹੀਦਾ ਹੈ।

# ਮੱਕੇ ਦੇ ਚਾਰ ਇਮਾਮਾਂ ਦੀ ਗੁਰੁ ਨਾਨਕ ਸਾਹਿਬ ਨੂੰ ਧੱਮਕੀ

ਸੁਣਹੋ ਨਾਨਕ ਹਿਦੰਕੀ ਆਖਨ ਚਾਰ ਇਮਾਮ॥ ਖ਼ਤਮ ਮਹੰਮਦ ਮੁਸਤਫ਼ਾ ਆਯਾ ਵਿਚ ਜ਼ਹਾਨ॥ ਅੱਗੇ ਜੋ ਹੋਇ ਪੈਕੰਬਰਾਂ ਇਕ ਲੱਖ ਅੱਸੀ ਹਜ਼ਾਰ॥ ਕੀਤੇ ਸਭ ਮਨਸੂਖ ਹੈਨ ਨਬੀ ਮਹੰਮਦ ਯਾਰ॥ ਇਸਥੀਂ ਅੱਗੇ ਨ ਹੋਰਕੋ ਅੱਲਹਦਾ ਮਾਸ਼ੂਕ॥ ਅਗੇ ਜੋਇ ਪੈਕੰਬਰਾਂ ਕੀਤੇ ਸਭ ਮਨਸੂਖ॥ ਆਖ਼ਰ ਇਸ ਜ਼ਮਾਨੇ ਦੇਖ਼ਾਦਮ ਨਬੀ ਰਸੂਲ॥ ਨਾਲ ਚਾਰੋਂ ਯਾਰ ਮੁਸੱਲਮੀ ਜੋ ਕਰਦੇ ਮਸਲਮਸੂਲ॥ ਉਮਰ ਖ਼ਿਤਾਬ ਅਬੂਬਕਰ ਉਸਮਾਨ ਅਲੀ ਸਾਦਾਤ॥ ਵਾਰਸ ਚਾਰੋਂ ਤਖ਼ਤ ਦੇ ਜੋ ਨਬੀ ਬਹਾਏ ਆਪ॥ ਅਗੇ ਹੋਰ ਨ ਅਮਲ ਚਲਸੀ ਪੈਗੰਬਰਾਂ ਉਤੇ ਕੋਇ॥ ਜੋ ਕਰਸੀ ਭੋਰਾ ਆਇਕੇ ਮਾਰ ਲਈ ਸੀ ਸੋਇ॥ ਸਭ ਆਸੀ ਇਕ ਤੇ ਰਾਹ ਵਿੱਚ ਹੋਸੀ ਮੁਸਲਮਾਨ॥ ਇਸ ਜ਼ਮਾਨੇ ਦਾ ਪਾਤਸ਼ਾਹ ਨਬੀ ਰਸੂਲ ਸੁਲਤਾਨ॥ ਚਲਿਅ ਅਮਲ ਮਹੰਮਦੀ ਇਸ ਤੇ ਪਰੇ ਨ ਹੋਰ॥ ਖ਼ਾਤਮ ਸਭ ਪੈਗੰਬਰਾਂ ਰੱਬ ਦਿੱਤਾਸ ਵੱਡਾ ਜੋਰ॥ ਤੂੰ ਭੀ ਆਯਾ ਨਾਨਕਾ ਸਾਹਿਬ ਵਡ ਕਰਮਾਤ॥ ਜਿਤ ਜਿਤਨਿਆਂ ਹਾਜੀਆਂ ਕਾਜ਼ੀਆਂ ਗ਼ਉਸ ਕੁਤਬ ਸਾਦਾਤ॥ ਜੋਗੀ ਜੰਗਮ ਸ੍ਰੇਵੜੇ ਬ੍ਰਹਮਨ ਤੇ ਸੰਨਿਆਸ॥ ਖਟ ਦਰਸ਼ਨ ਦਿਗੰਬਰਾਂ ਛੱਤੀ ਪਖੰਡ ਉਦਾਸ॥ ਸਾਧੀ ਹਈ ਜ਼ਮੀਨ ਸਭ ਛਡਿਓ ਨ ਆਸਾ ਪਾਸ॥ ਫੇਰਿਓ ਮਕੱਾ ਆਇਕੇ ਕਰਕੇ ਵਡ ਕਰਾਮਾਤ॥ ਹੁਣ ਆਯਾ ਪਾਤਸ਼ਾਹੀ ਰੂਮ ਵਿਚ ਮਿਲਿਓਂ ਪਾਤਸ਼ਾਹੇ ਜਾਇ॥ ਜ਼ਾਲਮ ਕਾਰੂੰ ਹਮੀਦ ਨੂੰ ਘੱਤਿਓ ਸਿੱਧੇ ਰਾਹ॥ ਜਿਨ ਛੱਡੀ ਨ ਦਮੜੀ ਗੋਰ ਵਿੱਚ ਮੁਰਦੇ ਛਡੇ ਢੰਡੋਲ॥ ਕਢ ਰੁਪੱਯਾ ਮੂੰਹ ਵਿੱਚੋਂ ਪਟ ਕਰ ਸੱਭੇ ਗੋਰ॥ ਸੋ ਲੱਗਾ ਕਰਨ ਖ਼ੈਰਾਇਤਾਂ ਛਡ ਦਿੱਤਿਓਸ ਬੰਦੀਵਾਨ॥ ਕਰਕੇ ਖ਼ਾਦਮ ਆਪਣਾ ਹੋਯਾ ਮੋਮ ਸਮਾਨ॥ ਆਦਾਹੀ ਅਪਣੇ ਮਜ਼ਹਬ ਵਿੱਚ ਜੋਆਹਾ ਮੁਸਲਮਾਨ॥ ਮੱਕਾ ਰੂਮ ਜਿੱਤ ਕੇ ਹੁਣ ਵੜਿਆ ਮਦੀਨੇ ਆਇ॥ ਇਕੇ ਅਸਾਡੀ ਨਿਸ਼ਾਕਰ ਇਕੇ ਕੁਛ ਕਰਾਮਾਤ ਦਿਖਾਇ॥ ਜਿਥੋਂ ਤੀਕਰ ਉਮਤੀਂ ਸਭ ਹੋਈਆਂ ਅਕਠੀਆਂ ਆਨ॥ ਕਰਦੇਨੀ ਸੰਗ ਸਾਰ ਸਭ ਮਿਲਕਰ ਮੁਸਲਮਾਨ॥ ਦਾਵਾ ਕਰ ਪੈਕੰਬਰੀ ਆਯਾ ਹੈਂ ਅਰਬਸਤਾਨ॥ ਅਰਬ ਛਡਸ ਨਾਹੀਂ ਜੀਂਵਦਾ ਕਢ ਲਾਇਲੈ ਆਪਣਾ ਤਾਨ॥ (ਭਾਈ ਬਾਲਾ ਜੀ)

**Web Site : NavYugChetnaSamaj.com**
**Email Address: JsKotli@NavYugChetnaSamaj.com**
**Address: 1718/4 Gobind Puri Extn. Kalka Ji,**
**New Delhi - 110019**
**Phone: Delhi – 011 - 26023561**